''ਸਰਕਾਰ ਵਿਚ ਸ਼ਾਮਲ ਨਾ ਹੋਣ ਵਾਲੇ ਸਮਝਦਾਰ ਬੰਦੇ ਨੂੰ ਬੁਰੇ ਲੋਕਾਂ ਦੀ ਸਰਕਾਰ ਦੇ ਅਧੀਨ ਰਹਿਣ ਦੀ ਸਜ਼ਾ ਭੁਗਤਣੀ ਪੈਂਦੀ ਹੈ''

— ਪਲੈਟੋ

*i Watch*

ਭਾਰਤ ਰੁਪਾਂਤਰਣ ਲਈ ਨਾਗਰਿਕ ਆਂਦੋਲਨ

ਹਿਊਮਨ ਰਿਸੋਰਸੇਜ਼

ਐਂਟਰਪ੍ਰਾਈਜ਼

ਇਕੋਨਾਮੀ

# ਭਾਰਤ ਰੁਪਾਂਤਰਣ

## ਆਰਥਿਕ ਸ਼ਕਤੀ ਅਤੇ ਵਿਕਸਿਤ ਦੇਸ਼ ਵਿਚ

ਤਾਲੀਮ ਅਤੇ ਸਿਖਲਾਈ

ਲੀਡਰਸ਼ਿਪ

ਹਕੂਮਤ

''ਸਨ 1947 ਦੇ ਬਾਅਦ, ਪਿਛਲੇ 58 ਸਾਲਾਂ ਵਿਚ ਇਹੋ ਲਗਦਾ ਹੈ ਕਿ ਸਾਡੇ ਜ਼ਿਆਦਾਤਰ ਵਿਕਾਸ ਕਾਰਜ 20 ਕਰੋੜ ਉੱਚੇ ਲੋਕਾਂ ਲਈ ਹੀ ਕੀਤੇ ਗਏ ਹਨ। ਇਹ ਸਥਿਤੀ ਬਦਲਣੀ ਚਾਹੀਦੀ ਹੈ। ਕਿਉਂਕਿ ਜੇ ਦੇਸ਼ ਦੇ ਬਾਕੀ 90 ਕਰੋੜ ਦੀ ਆਬਾਦੀ ਨੂੰ ਵਿਕਾਸ ਕਾਰਜਾਂ ਦਾ ਲਾਭ ਨਾ ਮਿਲਿਆ ਤਾਂ ਭਾਰਤ ਇਕ ਵਿਕਸਿਤ ਦੇਸ਼ ਦੇ ਰੂਪ ਵਿਚ ਅੱਗੇ ਨਹੀਂ ਵੱਧ ਸਕੇਗਾ।''

– *ਆਈ ਵਾਚ*

## ਅਮਰ ਪ੍ਰੇਰਣਾ



**ਰਾਬਿੰਦਰਨਾਥ ਟੈਗੋਰ** ਦੇ ਲਫ਼ਜ਼ਾਂ ਵਿਚ ਭਾਰਤ ਦੀ
ਬੜੀ ਵਧੀਆ ਤਸਵੀਰ ਪੇਸ਼ ਹੈ:

*''ਜਿੱਥੇ ਦਿਲਾਂ ਵਿਚ ਕੋਈ ਡਰ ਨਹੀਂ ਤੇ ਸਿਰ ਉਚੇ ਰਹਿੰਦੇ ਹਨ;*
*ਜਿਥੇ-ਗਿਆਨ ਮੁਫ਼ਤ ਮਿਲਦਾ ਹੈ;*
*ਜਿਥੇ ਭੇਦਭਾਵ ਦੀਆਂ ਤੰਗ ਦਿਵਾਰਾਂ ਦੁਨੀਆਂ ਨੂੰ*
*ਟੁਕੜਿਆਂ ਵਿਚ ਨਹੀਂ ਵੰਡਦੀਆਂ;*
*ਜਿੱਥੇ ਲਫ਼ਜ ਗਹਿਰੀ ਸੱਚਾਈ ਤੋਂ ਨਿਕਲਦੇ ਹਨ;*
*ਜਿੱਥੇ ਵੱਧ ਤੋਂ ਵੱਧ ਸੁਧਾਰ ਲਿਆਣ ਦੀਆਂ ਅਣਥੱਕ ਕੋਸ਼ਿਸ਼ਾਂ ਸਦਾ ਜਾਰੀ ਰਹਿੰਦੀਆਂ ਹਨ;*
*ਜਿੱਥੇ ਸੱਤ ਦੀ ਖੋਜ ਦੀਆਂ ਲਹਿਰਾਂ ਬਾਸੀ ਵਿਚਾਰਾਂ ਦੇ ਰੇਗਿਸਤਾਨ ਵਿਚ ਮਰ-ਖੱਪ ਨਹੀਂ ਜਾਂਦੀਆਂ;*
*ਜਿੱਥੇ ਦਿਮਾਗ਼ ਕੁਦਰਤੀ ਪ੍ਰੇਰਣਾ ਨਾਲ ਹਮੇਸ਼ਾ ਖੁਲ੍ਹੇ ਵਿਚਾਰਾਂ ਤੇ ਵਿਵਹਾਰਾਂ ਵਲ ਵੱਧਦੇ ਹਨ;*
*ਆਜ਼ਾਦੀ ਦੇ ਸੁਵਰਗ ਵਲ, ਈਸ਼ਵਰ ਜਗਾਏ ਮੇਰੇ ਦੇਸ਼ ਨੂੰ।''*

ਸ੍ਰੋਤ: ਗੀਤਾਂਜਲੀ XXXV.

## *i Watch* ਦੇ ਬਾਰੇ

''ਟ੍ਰਾਂਸਫ਼ਾਰਮਿੰਗ ਇੰਡੀਆ'' (ਭਾਰਤ ਰੁਪਾਂਤਰਣ) ਲਈ ***ਆਈ ਵਾਚ*** ਇਕ ਰਾਸ਼ਟ੍ਰੀ ਨਾਗਰਿਕ ਆਂਦੋਲਨ ਹੈ। ***'ਆਈ'*** ਦਾ ਮਤਲਬ ਹੈ ਇੰਡੀਆ, ਇੰਡੀਅਨਸ, ਤੁਸੀਂ, ਅਸੀਂ। 'ਵਾਚ' ਦਾ ਮਤਲਬ ਹੈ 'ਵੇਖਣਾ' ਯਾਨੀ ਦੇਸ਼ ਵਿਚ ਜੋ ਹੋ ਰਿਹਾ ਹੈ ਅਸੀਂ ਵੇਖ ਰਹੇ ਹਾਂ ਅਤੇ ਜਨਤਾ ਨੂੰ ਦਸ ਰਹੇ ਹਾਂ, ਤਾਂਕਿ ਦੇਸ਼ ਵਿਚ ਸੁਧਾਰ ਹੋਣ। ***'ਆਈ'*** ਅਖਰ ਦਾ ਰੂਪ ਛੋਟਾ ਰੱਖਿਆ ਗਿਆ ਹੈ, ਕਿਉਂਕਿ ਸਾਡੇ ਗੁਰੂ ਸਦਾ ਕਹਿੰਦੇ ਆਏ ਹਨ ਕਿ ਸੱਚ ਨੂੰ ਹਾਸਲ ਕਰਨ ਦਾ ਰਸਤਾ ਸਿਰਫ਼ ਨਿਮਾਣਾਪਣ ਹੈ। ***ਆਈ ਵਾਚ*** ਇਕ ਰਜਿਸਟਰਡ ਚੈਰਿਟੀ ਸੰਸਥਾ ਹੈ ਜਿਸਦਾ ਹੈਡ ਆਫ਼ਿਸ ਮੁੰਬਈ, ਇੰਡੀਆ ਵਿਚ ਹੈ। ***ਆਈ ਵਾਚ*** ਲਈ ਕੀਤੇ ਦਾਨ 80G ਇਨਕਮ ਟੈਕਸ ਲਾਭ ਲਈ ਯੋਗ ਹਨ। ਚੈਕ ਭੇਜਣ ਦਾ ਪਤਾ: ***ਆਈ ਵਾਚ,*** ਓਲਿੰਪਸ, ਅਲਟਾਮਾਉਂਟ ਰੋਡ, ਮੁੰਬਈ 400 026।

## ਸਮਰਪਣ

ਇਹ ਪੇਸ਼ਕਸ਼ ਖ਼ਾਸ ਤੌਰ ਤੇ ਨੌਜਵਾਨਾਂ ਅਤੇ **760 ਮਿਲੀਅਨ ਭਾਰਤੀਆਂ** ਨੂੰ ਸਮਰਪਿਤ ਹੈ, ਜੋ 35 ਸਾਲ ਤੋਂ ਘੱਟ ਉਮਰ ਦੇ ਹਨ!

## ਲੇਖਕ ਦੇ ਬਾਰੇ

***ਆਈ ਵਾਚ*** ਦੇ ਸੰਸਥਾਪਕ ਟ੍ਰਸਟੀ ਕ੍ਰਿਸ਼ਨ ਖੰਨਾ ਮਕੈਨਿਕਲ ਇੰਜੀਨੀਅਰਿੰਗ, 1961 ਬੈਚ ਦੇ ਆਈਆਈਟੀ ਖੜਗਪੁਰ ਗ੍ਰੈਜੁਏਟ ਹਨ। ਆਪਨੂੰ ਬਿਜ਼ਨਸ, ਇੰਡਸਟ੍ਰੀ, ਮੈਨੇਜਮੈਂਟ ਅਤੇ ਟੀਚਿੰਗ ਦਾ 44 ਸਾਲ ਦਾ ਤਜਰਬਾ ਹੈ। ਆਪਨੇ ਭਾਰਤ ਸਮੇਤ ਦੁਨੀਆਂ ਦੇ ਸਾਰੇ 5 ਮਹਾਂਦੀਪਾਂ ਦੀ ਵਿਆਪਕ ਯਾਤ੍ਰਾ ਕੀਤੀ ਹੈ, ਅਤੇ ਅਮਰੀਕਾ, ਕਨਾਡਾ, ਬ੍ਰਾਜ਼ੀਲ, ਇੰਗਲੈਂਡ, ਸਵੀਡਨ, ਜਰਮਨੀ, ਇਟਲੀ, ਈਰਾਨ, ਚੀਨ, ਕੋਰੀਆ, ਤਾਈਵਾਨ, ਸਿੰਗਾਪੁਰ, ਜਾਪਾਨ ਅਤੇ ਆਸਟ੍ਰੇਲੀਆ ਦੇ ਸੰਸਥਾਨਾਂ ਨਾਲ 14 ਜਾਇੰਟ ਵੈਂਚਰਸ/ ਬਿਜ਼ਨਸ ਪਾਰਟਨਰਸ਼ਿਪਸ ਵਿਚ ਸ਼ਾਮਲ ਰਹੇ। ਜਰਮਨੀ ਅਤੇ ਜਾਪਾਨ ਵਿਚ ਉਨ੍ਹਾਂ ਨੇ ਲਗਭਗ 6 ਸਾਲ ਕੰਮ ਕੀਤਾ। ਸਾਲ 1996 ਵਿਚ ਆਪਨੂੰ ਭਾਰਤੀ ਪ੍ਰਧਾਨ ਮੰਤ੍ਰੀ ਦੁਆਰਾ ਨੈਸ਼ਨਲ ਸਿਟੀਜ਼ਨਸ ਅਵਾਰਡ ਦਿਤਾ ਗਿਆ। ਸਾਲ 1992 ਵਿਚ ਆਪਨੇ ਆਪਣਾ ਸਾਰਾ ਕਾਰੋਬਾਰ ਛੱਡਕੇ ਨੇਸ਼ਨ ਬਿਲਡਿੰਗ (ਦੇਸ਼ ਨਿਰਮਾਣ) ਅਤੇ ਟ੍ਰਾਂਸਫ਼ਾਰਮਿੰਗ ਇੰਡੀਆ ਦਾ ਸਫ਼ਰ ਸ਼ੁਰੂ ਕੀਤਾ।



# ਸੂਚੀ


| | ਲੇਖਾਂ ਦਾ ਵਰਗੀਕਰਣ | ਪੰਨਾ ਨੰ. |
|---|---|---|
| 1. ਭਾਰਤ ਦਾ ਇਹ ਰੂਪ ਵੀ | (ਹਕੂਮਤ) | 4 ਤੇ 5 |
| 2. ਭਾਰਤ ਰੂਪਾਂਤਰਣ - ਪਰਿਵਰਨ ਦਾ ਮੁੱਦਾ | (ਹਕੂਮਤ) | 6 |
| 3. ਵਾਕਫ਼ੀਅਤ, ਮਕਸਦ ਤੇ ਟੀਚਾ | (ਲੀਡਰਸ਼ਿਪ) | 7 |
| 4. ਆਰਥਿਕ ਤੇ ਵਪਾਰਕ ਸੁਧਾਰ | (ਲੀਡਰਸ਼ਿਪ) | 8 |
| 5. ਭਾਰਤ ਦੀ ਸਰਕਾਰ ਤੇ ਪ੍ਰਸ਼ਾਸਨ | (ਲੀਡਰਸ਼ਿਪ) | 9 |
| 6. ਭਾਰਤ ਦੇਸ਼ | (ਲੀਡਰਸ਼ਿਪ) | 10 |
| 7. ਅਨੇਕ ਰੂਪਾਂ ਵਿਚ ਮਾਨਵੀ ਵਿਕਾਸ | (ਹਿਊਮਨ ਰਿਸੋਰਸੇਜ਼) | 11 |
| 8. ਪ੍ਰਾਈਮਰੀ ਤਾਲੀਮ ਤੇ 100% ਵਿਵਹਾਰਕ ਸਿਖਿਆ | (ਹਿਊਮਨ ਰਿਸੋਰਸੇਜ਼) | 12 |
| 9. ਵਿਵਸਾਇਕ ਤਾਲੀਮ ਤੇ ਟ੍ਰੇਨਿੰਗ - ਭਾਰਤ ਦੀ ਅਸਲੀ ਕਾਮਯਾਬੀ | (ਹਿਊਮਨ ਰਿਸੋਰਸੇਜ਼) | 13 |
| 10. ਕਾਰੋਬਾਰੀ ਕੁਸ਼ਲਤਾ ਵਿਕਾਸ ਤੇ ਵਿਵਸਾਇਕ ਤਾਲੀਮ ਦੇ ਲਾਭ | (ਹਿਊਮਨ ਰਿਸੋਰਸੇਜ਼) | 14 |
| 11. ਭਾਰਤ ਵਿਚ ਸਿਖਿਆ ਦੇ ਸ੍ਰੋਤ | (ਹਿਊਮਨ ਰਿਸੋਰਸੇਜ਼) | 15 |
| 12. ਐਚ ਆਰ ਡੀ - ਰੋਜ਼ਗਾਰ ਤੇ ਬੇਰੋਜ਼ਗਾਰੀ | (ਹਿਊਮਨ ਰਿਸੋਰਸੇਜ਼) | 16 |
| 13. ਭਾਰਤ ਵਿਚ ਰੋਜ਼ਗਾਰ ਦੇ ਸ੍ਰੋਤ | (ਹਿਊਮਨ ਰਿਸੋਰਸੇਜ਼) | 17 |
| 14. ਆਬਾਦੀ ਨੂੰ ਵੱਧਣ ਤੋਂ ਰੋਕਣਾ ਜ਼ਰੂਰੀ | (ਹਿਊਮਨ ਰਿਸੋਰਸੇਜ਼) | 18 ਤੇ 19 |
| 15. ਚੰਗੀ ਹਕੂਮਤ ਭਾਰਤ ਨੂੰ ਮਹਾਸ਼ਕਤੀ ਬਣਾ ਸਕੇਗੀ | (ਹਕੂਮਤ) | 20 |
| 16. ਚੰਗੀ ਹਕੂਮਤ + ਅਸਰਦਾਰ ਪ੍ਰਸ਼ਾਸਨ = ਜ਼ੀਰੋ ਭ੍ਰਿਸ਼ਟਾਚਾਰ | (ਹਕੂਮਤ) | 21 |
| 17. ਵਿਸ਼ਵ ਪੱਧਰ ਦਾ ਪ੍ਰਸ਼ਾਸਨ-ਕਿਉਂ ਤੇ ਕਿਵੇਂ ਜ਼ਰੂਰੀ ਕਰੇ ਭਾਰਤ | (ਹਕੂਮਤ) | 22, 23 ਤੇ 24 |
| 18. ਭਾਰਤ ਲਈ ਇਕ ਸੂਤਰੀ ਕਾਰਵਾਈ ਪਲਾਨ | (ਹਕੂਮਤ) | 25 |
| 19. ਅਸਲੀ ਤੇ ਰੂਪਰੇਖਾ ਵਾਲਾ ਭਾਰਤ | (ਅਰਥਵਿਵਸਥਾ ਤੇ ਉਦਯੋਗ) | 26 |
| 20. ਗ਼ਰੀਬੀ ਰੇਖਾ ਤੇ ਸੰਬੰਧਿਤ ਜਾਣਕਾਰੀ | (ਅਰਥਵਿਵਸਥਾ ਤੇ ਉਦਯੋਗ) | 27 |
| 21. ਵਰਲਡ ਮਾਰਕਿਟ ਲਈ ਪਲਾਨਿੰਗ ਕਿਵੇਂ ਕਰੀਏ? ਖ਼ਾਸ ਗੱਲਾਂ | (ਅਰਥਵਿਵਸਥਾ ਤੇ ਉਦਯੋਗ) | 28 |
| 22. ਸਮਾਲ ਮੀਡੀਅਮ ਐਂਟਰਪ੍ਰਾਈਜ਼ (SME's) ਦੀ ਪਰਿਭਾਸ਼ਾ | (ਅਰਥਵਿਵਸਥਾ ਤੇ ਉਦਯੋਗ) | 29 |
| 23. ਭਾਰਤ ਨੂੰ ਇੰਟਰਨੈਸ਼ਨਲ ਕੇਂਦਰ ਬਣਨਾ ਜ਼ਰੂਰੀ ਹੈ | (ਅਰਥਵਿਵਸਥਾ ਤੇ ਉਦਯੋਗ) | 30 |
| 24. ਐਸਐਮਈ ਦੀ ਅਹਿਮੀਅਤ | (ਅਰਥਵਿਵਸਥਾ ਤੇ ਉਦਯੋਗ) | 31 |
| 25. ਚੀਨ-ਭਾਰਤ ਤੁਲਨਾ ਦਾ ਚਾਰਟ, ਦੱਮ ਹੈ ਤਾਂ ਫੜ ਲਓ ਮੈਨੂੰ | (ਅਰਥਵਿਵਸਥਾ ਤੇ ਉਦਯੋਗ) | 32 |
| 26. ਚੋਣਵੇਂ ਦੇਸ਼ਾਂ ਨਾਲ ਤੁਲਨਾ | (ਅਰਥਵਿਵਸਥਾ ਤੇ ਉਦਯੋਗ) | 33 |
| 27. ਪਾਠਕਾਂ ਲਈ ਸੂਚਨਾਵਾਂ | (ਆਮ) | 34 ਤੇ 35 |
| 28. ਜੀਡੀਪੀ ਦੀ 10% ਤੋਂ 14% ਸਾਲਾਨਾ ਵ੍ਰਿਧੀ ਲਈ ਕਾਰਵਾਈ ਪਲਾਨ | (ਆਮ) | ਪੁਸਤਕ ਸਮਾਪਤੀ |


ਕਵਰ ਡਿਜ਼ਾਈਨ ਥੀਮ 'ਫਰਾਮ **ਡਾਕਰਨੈਸ** ਟੂ ਲਾਈਟ'

# ਟ੍ਰਾਂਸਫ਼ਾਰਮਿੰਗ ਇੰਡੀਆ

**ਭਾਰਤ ਦਾ ਰੂਪਾਂਤਰਣ ਆਰਥਿਕ ਸ਼ਕਤੀ ਤੇ ਵਿਕਸਿਤ ਦੇਸ਼ ਵਿਚ**

ਰੂਪਾਂਤਰਣ ਲਈ ਸਾਡੇ ਅਨੁਸਾਰ ਇਹ ਕਾਰਵਾਈ ਪਲਾਨ ਜ਼ਰੂਰੀ ਹਨ:-

## ਪਹਿਲ 1-ਵਿਵਹਾਰਿਕ ਐਚਆਰਡੀ, ਤਾਲੀਮ ਤੇ ਟ੍ਰੇਨਿੰਗ

**1.** 100% ਮੁਢਲੀ ਵਿਵਹਾਰਕ **ਸਿਖਿਆ-** ਕੋਈ ਵੀ ਭਾਰਤੀ ਭਾਸ਼ਾ 40 ਤੋਂ 60 ਘੰਟੇ ਵਿਚ ਪੜਨੀ ਤੇ ਲਿਖਣੀ ਸਿਖਾਣਾ, ਰੋਜ਼ਾਨਾ 1 ਘੰਟਾ ਅਤੇ ਹਫ਼ਤੇ ਵਿਚ 5 ਦਿਨ ਦੇ ਹਿਸਾਬ ਨਾਲ। ਲਗਭਗ 50 ਲੱਖ ਲੋਕਾਂ ਨੂੰ ਪੜਨਾ, ਲਿਖਣਾ ਤੇ ਹਿਸਾਬ ਸਿਖਣਾ ਜ਼ਰੂਰੀ ਹੈ।

**2. ਪ੍ਰਾਈਮਰੀ ਤੇ ਸੈਕੰਡਰੀ ਪੜਾਈ-** *ਸਕੂਲ ਛੱਡ ਜਾਣ ਵਾਲਿਆਂ ਦੀ ਗਿਣਤੀ 94% ਤੋਂ ਘਟਾਕੇ 10% ਤੋਂ ਘੱਟ ਤਕ ਲਿਆਣਾ ਜ਼ਰੂਰੀ ਹੈ।*

**3. ਕਾਰੋਬਾਰੀ ਕੁਸ਼ਲਤਾ ਵਧਾਣਾ (ਕਾ.ਕੁ.ਵ.)**-ਸਾਡੀ ਸਲਾਹ ਹੈ ਕਿ ਇਹ ਕੰਮ ਪਹਿਲੀ ਕਲਾਸ ਤੋਂ ਸ਼ੁਰੂ ਕਰਕੇ ਬਾਰਵੀਂ ਕਲਾਸ ਤਕ ਰੱਖਣਾ ਜ਼ਰੂਰੀ ਹੈ। ਕਾ.ਕੁ.ਵ. ਦਾ ਮਤਲਬ ਹੈ **'ਕਾਰੋਬਾਰਾਂ ਦੀ ਜਾਣਕਾਰੀ ਅਤੇ ਹਕੀਕਤ ਵਿਚ ਕੰਮ ਕਿਵੇਂ ਹੁੰਦੇ ਹਨ, ਇਹ ਦਸਣਾ।'** *ਇਸ ਨਾਲ ਨੌਜਵਾਨ ਆਪਣੇ ਭਾਵੀ ਕਾਰੋਬਾਰ ਚੁਣਨ ਦਾ ਫ਼ੈਸਲਾ ਕਰ ਸਕਣਗੇ।* ਉਨ੍ਹਾਂ ਵਿਚ ਆਤਮ ਵਿਸ਼ਵਾਸ ਆਏਗਾ। ਇਹ ਕੰਮ ਹਫ਼ਤੇ ਵਿਚ ਦੋ ਵਾਰੀ ਕਾਫ਼ੀ ਹੈ।

**4. ਕਾਰੋਬਾਰੀ ਸਿਖਿਆ ਤੇ ਟ੍ਰੇਨਿੰਗ**-ਇਸ ਦੇ ਤਹਿਤ ਨੌਜਵਾਨਾਂ ਨੂੰ ਕਿਸੇ ਕੰਮ ਦੀ ***ਕੁਸ਼ਲਤਾ, ਮਹਾਰਤ*** ਯਾ ***ਵਪਾਰ*** ਦੀ ਟ੍ਰੇਨਿੰਗ ਦਿਤੀ ਜਾਂਦੀ ਹੈ। ਉਹ ਸਕਿਲਡ ਜੌਬ ਕਰਨਾ ਸਿਖਦੇ ਹਨ। ਵਿਕਸਿਤ ਦੇਸ਼ਾਂ ਵਿਚ **95%** ਨੌਜਵਾਨ ਇਹ ਟ੍ਰੇਨਿੰਗ ਲੈਂਦੇ ਹਨ। **ਆਈ.ਟੀ.** ਨੂੰ ਛੱਡਕੇ, ਜੋ ਕਿ ਦੁਨੀਆਂ ਦੇ ਜੀਡੀਪੀ ਦਾ **1.5%** ਹੈ, ਅਤੇ ਭਾਰਤ ਵਿਚ ਆਈ.ਟੀ. ਦੇ 50,000 ਤੋਂ ਵੱਧ ਪ੍ਰਾਈਵੇਟ ਟ੍ਰੇਨਿੰਗ ਸੈਂਟਰ ਹਨ, ਬਾਕੀ **98.5%** ਕੰਮਾਂ ਲਈ ਕੁਸ਼ਲਤਾ/ਵਪਾਰ/ਮਹਾਰਤ ਦੀ ਟ੍ਰੇਨਿੰਗ ਲਈ ਸੈਂਟਰ ਕਿੱਥੇ ਹਨ?

**5. ਮੁਕਤ ਤਾਲੀਮ-** ਪ੍ਰਾਈਵੇਟ ਸਕੂਲਾਂ-ਕਾਲੇਜਾਂ ਦੀ ਪ੍ਰਧਾਨਗੀ ਰੋਕੀ ਜਾਵੇ। ਭਾਰਤ ਨੂੰ **ਤਾਲੀਮੀ ਕੇਂਦਰ** ਬਣਾਇਆ ਜਾਵੇ।

**6. ਤਾਲੀਮ ਵਿਚ ਪ੍ਰਾਈਵੇਟ ਤੇ ਐਨ ਆਰ ਆਈ ਹਿੱਸੇਦਾਰੀ**-ਸਰਕਾਰ ਸਿਰਫ਼ ਹਾਈ ਸਕੂਲਾਂ ਤਕ ਧਿਆਨ ਦੇਵੇ।

**7. ਹਰ ਬਲਾਕ ਵਿਚ ਉਦਯੋਗ ਸੰਸਥਾਨ-** ਰਾਜ ਦੇ ਹਰ ਬਲਾਕ ਵਿਚ ਉਦਯੋਗ ਦੇ ਪ੍ਰੋਮੋਸ਼ਨਲ ਇੰਸਟੀਟਿਊਟ ਹੋਣ। **97%** ਰੋਜ਼ਗਾਰ *ਅਸੰਗਠਿਤ ਸੈਕਟਰ ਅਤੇ ਐਸ.ਐਸ.ਈ. ਵਿਚ ਹਨ। ਨੌਜਵਾਨਾਂ ਲਈ ਸਕਿਲ ਦੇ ਸੈਟ ਬਣਾਏ ਜਾਣ।*

## ਪਹਿਲ 2-ਕੇਂਦਰੀ ਸਰਕਾਰ ਦੀ ਨੀਤੀ ਬਦਲੇ

**1. ਐਸਐਸਆਈ** (ਸਮਾਲ ਸਕੇਲ ਇੰਡਸਟ੍ਰੀ) ਲਈ ਰਿਜ਼ਰਵੇਸ਼ਨ ਦੀ **ਸਮਾਪਤੀ**। *ਰਿਜ਼ਰਵੇਸ਼ਨ ਦਾ ਨਤੀਜਾ ਚੰਗਾ ਘੱਟ ਤੇ ਬੁਰਾ ਜ਼ਿਆਦਾ ਹੈ।*

**2. 'ਲੇਬਰ/ਐਂਪਲਾਈਜ਼ ਕਾਨੂੰਨ' ਵਿਚ ਸੁਧਾਰ ਅਤੇ** *ਲੋਕਲ ਉਦਯੋਗਾਂ ਤੇ ਸੰਸਥਾਨਾਂ ਨੂੰ ਸਮਰਥਾ ਅਨੁਸਾਰ ਪ੍ਰੋਡਕਸ਼ਨ ਦੀ ਆਜ਼ਾਦੀ।*

**3.** ਰੋਜ਼ਗਾਰ ਪੈਦਾ ਕਰਨ ਲਈ ''**ਮਜ਼ੂਰੀ ਆਧਾਰਿਤ**'' ਟੈਕਨਾਲੋਜੀ ਨੂੰ **ਵਧਾਵਾ।**

**4. ਐਸਐਸਆਈ (ਸਮਾਲ ਸਕੇਲ ਇੰਡਸਟ੍ਰੀਜ਼)** ਨਹੀਂ ਸਗੋਂ **ਐਸਐਸਈ (ਸਮਾਲ ਮੀਡੀਅਮ ਐਂਟਰਪ੍ਰਾਈਜ਼)** ਦੇ **ਮਲਤਬ ਤੇ ਅਹਿਮੀਅਤ ਨੂੰ ਪਹਿਚਾਨਣਾ ਤੇ ਮਾਨਤਾ ਦੇਣਾ**। ਧਿਆਨ ਦਿਓ ਕਿ ਭਾਰਤੀ ਅਰਥ ਵਿਵਸਥਾ ਵਿਚ **90%** ਯੋਗਦਾਨ **ਐਸਐਸਈ** ਦਾ ਹੈ, ਜਦਕਿ **ਐਸਐਸਆਈ** ਦਾ ਯੋਗਦਾਨ ਸਿਰਫ਼ **7%** ਹੈ। ਇਸ ਸੱਚਾਈ ਨੂੰ ਸਮਝਣਾ ਅਤੇ ਵਧਾਵਾ ਦੇਣਾ ਭਾਰਤ ਸਰਕਾਰ, ਫ਼ਾਈਨੈਂਸ਼ੀਅਲ ਸੰਸਥਾਨਾਂ ਅਤੇ ਵਪਾਰਕ ਸੰਸਥਾਵਾਂ ਲਈ ਵੀ ਜ਼ਰੂਰੀ ਹੈ।

## ਪਹਿਲ 3- ਅਰਥਵਿਵਸਥਾ ਵਿਚ ਐਕਸਪੋਰਟ ਦੇ ਕੰਮ, ਸੌਫ਼ਟਵੇਅਰ ਨੂੰ ਛੱਡਕੇ

**1. ਟ੍ਰੇਡਿੰਗ, ਹੋਲਸੇਲ ਤੇ ਰਿਟੇਲ** ਆਈ.ਟੀ. ਨਾਲੋਂ **20 ਗੁਣਾ** ਵੱਧ ਹੈ (ਰੋਜ਼ਗਾਰ ਤੇ ਜੀਡੀਪੀ ਉਤਪਾਦਨ ਦੇ ਮਾਮਲੇ ਵਿਚ)

**2. ਮੈਨੁਫੈਕਚਰਿੰਗ,** ਉਦਯੋਗ ਰੂਪ ਵਿਚ ਆਈ.ਟੀ. ਨਾਲੋਂ **18 ਗੁਣਾ** ਵੱਧ ਹੈ (ਸਰਕਾਰੀ ਆਮਦਨੀ ਦਾ ਲਗਭਗ 75% ਏਸੇ ਤੋਂ ਮਿਲਦਾ ਹੈ)

**3. ਹੈਲਥ ਕੇਅਰ,** ਉਦਯੋਗ ਰੂਪ ਵਿਚ ਆਈ.ਟੀ. ਨਾਲੋਂ **5 ਗੁਣਾ** ਵੱਧ ਹੈ (ਰੋਜ਼ਗਾਰ ਤੇ ਜੀਡੀਪੀ ਉਤਪਾਦਨ ਦੇ ਮਾਮਲੇ ਵਿਚ)

**4. ਟ੍ਰੈਵਲ ਤੇ ਟੂਰਿਜ਼ਮ,** ਉਦਯੋਗ ਰੂਪ ਵਿਚ ਆਈ.ਟੀ. ਨਾਲੋ **9 ਗੁਣਾ** ਵੱਧ ਹੈ (ਰੋਜ਼ਗਾਰ ਤੇ ਜੀਡੀਪੀ ਉਤਪਾਦਨ ਦੇ ਮਾਮਲੇ ਵਿਚ)

**5. ਐਜੁਕੇਸ਼ਨ,** ਉਦਯੋਗ ਰੂਪ ਵਿਚ ਆਈ. ਟੀ. ਨਾਲੋਂ **5 ਗੁਣਾ** ਵੱਧ ਹੈ (ਰੋਜ਼ਗਾਰ ਤੇ ਜੀਡੀਪੀ ਉਤਪਾਦਨ ਦੇ ਮਾਮਲੇ ਵਿਚ)

ਸੌਫ਼ਟਵੇਅਰ ਤੇ ਆਈ.ਟੀ. ਦੁਨੀਆਂ ਦੇ ਜੀਡੀਪੀ ਦਾ **1.5%** ਹਨ, ਸਾਨੂੰ ਅਰਥ ਵਿਵਸਥਾ ਦੇ ਬਾਕੀ **98.5%** ਵਲ ਧਿਆਨ ਦੇਣਾ ਚਾਹੀਦਾ ਹੈ! *ਅਰਥ ਵਿਵਸਥਾ ਦੇ ਉਪਰੋਕਤ 5 ਖੇਤਰ ਤਾਂ ਸਿਰਫ਼ ਮਿਸਾਲ ਲਈ ਹਨ, ਇਹੋ ਜਿਹੇ ਹੋਰ ਕਈ ਖੇਤਰ ਹਨ।*

## ਪਹਿਲ 4-ਬੁਨਿਆਦੀ ਸਹੂਲਤਾਂ ਲਈ ਖ਼ਰਚੇ ਜ਼ਰੂਰੀ (US$ 500 ਬਿਲੀਅਨ)

*ਬੁਨਿਆਦੀ ਸਹੂਲਤਾਂ (ਇਨਫ਼੍ਰਾਸਟ੍ਰਕਚਰਸ) ਲਈ ਕਰਜ਼ਿਆਂ ਉਤੇ ਸਾਲਾਨਾ ਵਿਆਜ 4% ਤੋਂ 6% ਹੋਵੇ।* ਕਰਜ਼ੇ ਦੀ ਮਿਆਦ 10-15-20 ਸਾਲ ਤਕ ਵਧਾਈ ਜਾ ਸਕੇ, ਕਿਉਂਕਿ ਉਸਾਰੀ ਲਈ 5 ਸਾਲ ਲਗਦੇ ਹਨ, ਹੋਰ 5 ਸਾਲਾਂ ਵਿਚ ਉਸਦਾ ਵਿਕਾਸ ਅਤੇ 'ਨਾ ਨਫ਼ਾ ਨਾ ਨੁਕਸਾਨ' ਦੀ ਹਾਲਤ ਪੈਂਦਾ ਹੁੰਦੀ ਹੈ। ਇਹ ਕਰਜ਼ੇ ਘੱਟ ਵਿਆਜ ਵਾਲੇ ਪਰ ਇਨਸੈਂਟਿਵਸ ਅਤੇ ਟੈਕਸ-ਰਾਹਤ ਸਮੇਤ ਹੋਣ।

## ਪਹਿਲ 5- ਲੀਡਰਸ਼ਿਪ ਤੇ ਚੰਗੀ ਹਕੂਮਤ

*ਲੀਡਰਸ਼ਿਪ ਤੇ ਚੰਗੀ ਹਕੂਮਤ ਦੇ ਲਾਭ ਦਸ ਵੱਖ-ਵੱਖ ਲੇਖਾਂ ਵਿਚ ਸਮਝਾਏ ਗਏ ਹਨ।* ਸੂਚੀ ਵਿਚ ਜ਼ਾਹਿਰ ਹੈ ਕਿ ਸਾਡੇ 70% ਲੇਖ **'ਜਨਤਾ ਆਧਾਰਿਤ'** ਹਨ, ਚਾਰ **ਲੀਡਰਸ਼ਿਪ** ਬਾਰੇ, ਛੇ **ਹਕੂਮਤ** ਬਾਰੇ ਅਤੇ ਅੱਠ **ਹਿਊਮਨ ਰਿਸੋਰਸੇਜ਼ ਡਿਵੈਲਪਮੈਂਟ** ਬਾਰੇ ਹਨ।

## ਪਹਿਲ 6-ਪਹਿਲ ਵਾਲੇ ਉਪਰੋਕਤ 5 ਖੇਤਰਾਂ ਬਾਰੇ ਆਮ ਜਾਗ੍ਰਿਤੀ ਪ੍ਰੋਗ੍ਰਾਮ

ਇਹ ਪ੍ਰੋਗ੍ਰਾਮ ਸਾਡੀ 32-36 ਪੰਨੇ ਵਾਲੀ ਪੁਸਤਿਕਾ - **ਟ੍ਰਾਂਸਫ਼ਾਰਮਿੰਗ ਇੰਡੀਆ** ਰਾਹੀਂ ਜਾਰੀ ਹੋਏਗਾ। ਇਸ ਬਾਰੇ ਜਾਗਰਣ ਦੇ ਢੰਗ ਅਤੇ ਕਾਰਵਾਈਆਂ ਅਮਲ ਵਿਚ ਲਿਆਣਾ ਸਾਡਾ ਪ੍ਰਮੁੱਖ ਮਕਸਦ ਹੈ। *ਇਸ ਦਿਸ਼ਾ ਵਿਚ ਸਾਡੀ ਪੁਸਤਿਕਾ ਸਾਡਾ ਇਕ ਕਦਮ ਹੈ।* ਇਸ ਵਿਚ **ਲੀਡਰਸ਼ਿਪ, ਹਕੂਮਤ, ਹਿਊਮਨ ਰਿਸੋਰਸੇਜ਼ ਡਿਵੈਲਪਮੈਂਟ, ਉਦਯੋਗ ਤੇ ਅਰਥ ਵਿਵਸਥਾ** ਬਾਰੇ 26 ਲੇਖ ਤੇ ਨੋਟ ਹਨ। ਇਸ ਪੁਸਤਿਕਾ ਨਾਲੋਂ ਵੀ ਜ਼ਿਆਦਾ ਵਿਸਤ੍ਰਿਤ ਜਾਣਕਾਰੀ ਸਾਡੀ ਵੈਬਸਾਈਟ **www.wakeupcall.org** ਉਤੇ ਉਪਲਬਧ ਹੈ। **ਇੰਗਲਿਸ਼** ਤੋਂ ਇਲਾਵਾ ਇਸ ਪੁਸਤਿਕਾ ਦੇ ਕੁਝ ਖ਼ਾਸ ਅੰਸ਼ **ਹਿੰਦੀ, ਉਰਦੂ, ਗੁਜਰਾਤੀ, ਮਰਾਠੀ, ਤਮਿਲ, ਤੇਲਗੁ, ਕਨਾਡਾ, ਮਲਿਆਲਮ, ਬੰਗਾਲੀ, ਓਰਿਆ, ਆਸਾਮੀ** ਤੇ **ਪੰਜਾਬੀ** ਵਿਚ ਵੀ ਹਨ।